# ਤਪਦਿਕ ਦਾ ਇਲਾਜ ਅਤੇ ਖਾਤਮਾ ਕਰਨ ਵਾਲੀਆਂ ਦਵਾਈਆਂ

ਇਹ ਟੀ ਬੀ ਦਾ ਇਲਾਜ ਕਰਨ ਲਈ ਵਰਤੀਆਂ ਜਾਣ ਵਾਲੀਆਂ ਆਮ ਦਵਾਈਆਂ ਹਨ। ਸੰਭਵ ਹੈ ਕਿ ਕੁਝ ਸਥਿਤੀਆਂ ਵਿੱਚ ਤੁਹਾਨੂੰ ਉਹ ਦਵਾਈਆਂ ਦਿੱਤੀਆਂ ਜਾਣ ਜੋ ਇਸ ਸੂਚੀ ਵਿੱਚ ਨਹੀਂ ਹਨ। ਜੇ ਲੋੜ ਪਏਗੀ, ਪਬਲਿਕ ਹੈਲਥ ਨਰਸ ਤੁਹਾਨੂੰ ਇੰਨ੍ਹਾਂ ਦੂਸਰੀਆਂ ਦਵਾਈਆਂ ਬਾਰੇ ਜਾਣਕਾਰੀ ਦੇਵੇਗੀ। ਤੁਹਾਡੀ ਦਵਾਈ ਬਾਰੇ ਪੂਰੀਆਂ ਹਿਦਾਇਤਾਂ ਅਤੇ ਜਾਣਕਾਰੀ ਅਤੇ ਉਨ੍ਹਾਂ ਦੇ ਦੁਸ਼ਪ੍ਰਭਾਵਾਂ, ਲਈ ਆਪਣੇ ਡਾਕਟਰ ਜਾਂ ਫਾਰਮੇਸਿਸਟ ਨਾਲ ਗੱਲ ਕਰੋ।

| | ਦਵਾਈ | ਲਿਆ ਗਿਆ # | ਖੁਰਾਕ |
|---|---|---|---|
|  | ਆਈਸੋਨਿਆਜਿਡ (ਆਈਸੋਟਾਮਾਇਨ, ਆਈ ਐਨ ਐਚ) (ISONIAZID (ISOTAMINE, INH))<br>• ਇਸ ਦਵਾਈ ਦੀ ਵਰਤੋਂ ਤਪਦਿਕ (ਟੀ ਬੀ) ਦੀ ਰੋਕਥਾਮ ਅਤੇ ਟੀ ਬੀ ਰੋਗ ਦਾ ਇਲਾਜ ਕਰਨ ਲਈ ਕੀਤੀ ਜਾਂਦੀ ਹੈ।<br>• ਇਹ ਤੁਹਾਡੇ ਜਿਗਰ ਉੱਤੇ ਅਸਰ ਪਾ ਸਕਦੀ ਹੈ। | | |
|  | ਰੀਫਾਮਪਿੰਨ (ਰੋਫੈਕਟ,ਰੀਫਾਡਿੰਨ,ਆਰ ਐਮ ਪੀ) (RIFAMPIN (ROFACT, RIFADIN, RMP))<br>• ਇਸ ਦਵਾਈ ਦੀ ਵਰਤੋਂ ਟੀ ਬੀ ਦੀ ਰੋਕਥਾਮ ਅਤੇ ਟੀ ਬੀ ਰੋਗ ਦਾ ਇਲਾਜ ਕਰਨ ਲਈ ਕੀਤੀ ਜਾਂਦੀ ਹੈ।<br>• ਇਹ ਅੱਥਰੂਆਂ, ਪਸੀਨੇ ਅਤੇ ਪਿਸ਼ਾਬ ਨੂੰ ਨਾਰੰਗੀ ਰੰਗ ਵਿੱਚ ਬਦਲ ਦੇਵੇਗੀ। ਜੇ ਤੁਸੀਂ ਕੋਨਟੈਕਟ ਲੈਂਸ ਪਾਉਂਦੇ ਹੋ,ਉਹ ਦਾਗੀ ਹੋ ਸਕਦੇ ਹਨ।<br>• ਇਹ ਗਰਭ ਰੋਕਣ ਵਾਲੀਆਂ ਗੋਲੀਆਂ ਘੱਟ ਪ੍ਰਭਾਵਸ਼ਾਲੀ ਹੋਣ ਦਾ ਕਾਰਨ ਬਣਦੀਆਂ ਹਨ। ਕੌਂਡਮਾਂ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ। | | |
|  | ਪਾਇਰਾਜੀਨਾਮਾਇਡ (ਟੇਬਰਾਜਿਡ,ਪੀ ਜੈਡ ਏ) (PYRAZINAMIDE (TEBRAZID, PZA))<br>• ਇਸ ਦਵਾਈ ਦੀ ਵਰਤੋਂ ਟੀ ਬੀ ਰੋਗ ਦਾ ਇਲਾਜ ਕਰਨ ਲਈ ਕੀਤੀ ਜਾਂਦੀ ਹੈ।<br>• ਇਸ ਨਾਲ ਜੋੜਾਂ ਵਿੱਚ ਦਰਦ ਹੋ ਸਕਦਾ ਹੈ। | | |
|  | ਏਥਾਮਬੁਟੋਲ (ਈਟੀ ਆਈ ਬੀ ਆਈ, ਈ ਐਮ ਬੀ) (ETHAMBUTOL (ETIBI, EMB))<br>• ਇਸ ਦਵਾਈ ਦੀ ਵਰਤੋਂ ਟੀ ਬੀ ਰੋਗ ਦਾ ਇਲਾਜ ਕਰਨ ਲਈ ਕੀਤੀ ਜਾਂਦੀ ਹੈ।<br>• ਇਸ ਤੁਹਾਡੀ ਨਜਰ ਉੱਤੇ ਪ੍ਰਭਾਵ ਪਾ ਸਕਦੀ ਹੈ। ਜੇ ਤੁਸੀਂ ਇਹ ਦਵਾਈ ਲੰਮੇ ਸਮੇਂ ਤੱਕ ਅਤੇ ਉੱਚੀ ਖੁਰਾਕ ਵਿੱਚ ਲੈਂਦੇ ਰਹੇ ਹੋ ਤੁਹਾਨੂੰ ਆਪਣੀ ਨਜਰ ਦੀ ਜਾਂਚ ਡਾਕਟਰ ਦੁਆਰਾ ਕਰਵਾਉਣੀ ਚਾਹੀਦੀ ਹੈ। | | |
| | **ਵਿਟਾਮਿੰਨ** | | |
|  | ਪਾਇਰੀਡੋਕਸੀਨ ( ਵਿਟਾਮਿੰਨ ਬੀ 6) (PYRIDOXINE (Vitamin B6))<br>• ਇਸ ਦਵਾਈ ਦੀ ਵਰਤੋਂ ਆਈਸੋਨਿਆਜਿਡ ਦਵਾਈ ਦੁਆਰਾ ਰਗਾਂ ਨੂੰ ਪਹੁੰਚਣ ਵਾਲੇ ਨੁਕਸਾਨ ਦੀ ਰੋਕਥਾਮ ਕਰਨ ਲਈ ਕੀਤੀ ਜਾਂਦੀ ਹੈ। | | |

ਨੋਟਸ : ______________________________

______________________________

______________________________

# ਤਪਦਿਕ ਦਾ ਇਲਾਜ ਅਤੇ ਖਾਤਮਾ ਕਰਨ ਵਾਲੀਆਂ ਦਵਾਈਆਂ

..ਜਾਰੀ

**ਮੈਨੂੰ ਆਪਣੀ ਟੀ ਬੀ ਦੀ ਦਵਾਈ ਕਿਉਂ ਲੈਣੀ ਚਾਹੀਦੀ ਹੈ ?**

ਜੇ ਤੁਸੀਂ ਆਪਣੀ ਟੀ ਬੀ ਦੀ ਦਵਾਈ ਨਿਰਦੇਸ਼ ਅਨੁਸਾਰ ਲੈਂਦੇ ਹੋ ਟੀ ਬੀ ਰੋਗ ਦਾ ਖਾਤਮਾ ਹੋ ਸਕਦਾ ਹੈ। ਸੰਭਵ ਹੈ ਕਿ ਤੁਹਾਨੂੰ ਆਪਣੀ ਟੀ ਬੀ ਦੀ ਦਵਾਈ ਛੇ ਮਹੀਨੇ ਤੋਂ ਦੋ ਸਾਲ ਤੱਕ ਲੈਣੀ ਪਏ। ਆਪਣੀ ਟੀ ਬੀ ਦੀ ਸਾਰੀ ਦਵਾਈ ਉਸ ਸਮੇਂ ਤੱਕ ਲੈਣਾ ਜਰੂਰੀ ਹੈ ਜਦੋਂ ਤੱਕ ਤੁਹਾਡਾ ਟੀ ਬੀ ਡਾਕਟਰ ਜਾਂ ਨਰਸ ਤੁਹਾਨੂੰ ਰੁਕਣ ਲਈ ਕਹੇ। ਜੇ ਤੁਸੀਂ ਠੀਕਠਾਕ ਮਹਿਸੂਸ ਕਰ ਰਹੇ ਹੋ ਤਾਂ ਵੀ ਤੁਹਾਨੂੰ ਆਪਣੀ ਟੀ ਬੀ ਦੀ ਦਵਾਈ ਲੈਣੀ ਜਾਰੀ ਰੱਖਣੀ ਚਾਹੀਦੀ ਹੈ। ਹਾਲਾਂਕਿ ਸੰਭਵ ਹੈ ਕਿ ਤੁਸੀਂ ਠੀਕਠਾਕ ਮਹਿਸੂਸ ਕਰ ਰਹੇ ਹੋਵੋ,ਇਸ ਦਾ ਮਤਲਬ ਇਹ ਨਹੀਂ ਹੈ ਕਿ ਰੋਗ ਬਿਲਕੁਲ ਖਤਮ ਹੋ ਗਿਆ ਹੈ। ਜੇ ਤੁਸੀਂ ਆਪਣੀ ਟੀ ਬੀ ਦੀ ਦਵਾਈ ਜਿਆਦਾ ਜਲਦੀ ਲੈਣੀ ਬੰਦ ਕਰ ਦਿੰਦੇ ਹੋ ,ਤਾਂ ਸੰਭਵ ਹੈ ਕਿ ਤੁਹਾਡੇ ਅੰਦਰ ਟੀ ਬੀ ਦਾ ਖਾਤਮਾ ਪੂਰੀ ਤਰ੍ਹਾਂ ਨਾ ਹੋਏ। ਸੰਭਵ ਹੈ ਕਿ ਟੀ ਬੀ ਦੇ ਕੀਟਾਣੂ ਜਿਆਦਾ ਤਾਕਤਵਰ ਅਤੇ ਅਜਿਹੇ ਬਣ ਜਾਣ ਜਿੰਨਾਂ ਉੱਤੇ ਦਵਾਈਆਂ ਦਾ ਅਸਰ ਨਹੀਂ ਹੁੰਦਾ।



**ਮੈਂ ਆਪਣੀ ਟੀ ਬੀ ਦੀ ਦਵਾਈ ਕਿਸ ਤਰ੍ਹਾਂ ਲਵਾਂ ?**

- ਆਪਣੇ ਆਪ ਨੂੰ ਹਰ ਰੋਜ ਆਪਣੀ ਦਵਾਈ ਲੈਣਾ ਯਾਦ ਕਰਵਾਉਣ ਅਤੇ ਗਲਤੀਆਂ ਹੋਣ ਤੋਂ ਰੋਕਣ ਲਈ ਗੋਲੀਆਂ ਵਾਲਾ ਔਰਗੇਨਾਈਜਰ (ਉਸ ਨੂੰ ਡੋਸੇਟ ਵੀ ਕਿਹਾ ਜਾਂਦਾ ਹੈ )ਵਰਤੋ।ਪਬਲਿਕ ਹੈਲਥ ਨਰਸ (ਪੀ ਐਚ ਐਨ) ਜਾਂ ਆਉਟਰੀਚ ਵਰਕਰ (ਐਚ ਓ ਡਬਲਿਯੂ) ਤੁਹਾਨੂੰ ਗੋਲੀਆਂ ਵਾਲਾ ਔਰਗੇਨਾਈਜਰ ਦੇਣਗੇ ਅਤੇ ਉਸ ਨੂੰ ਸਹੀ ਤਰੀਕੇ ਨਾਲ ਭਰਨ ਵਿੱਚ ਤੁਹਾਡੀ ਸਹਾਇਤਾ ਕਰਨਗੇ।
- ਤਰਲ ਦਵਾਈ ਨੂੰ ਸਰਿੰਜ,ਦਵਾਈ ਵਾਲੇ ਚਮਚ ਜਾਂ ਦਵਾਈ ਵਾਲੇ ਕੱਪ ਨਾਲ ਮਾਪੋ। ਰਸੋਈ ਵਾਲੇ ਚਮਚਾਂ ਦੀ ਵਰਤੋਂ ਨਾ ਕਰੋ ਕਿਉਂਕਿ ਉਹ ਸਹੀ ਨਹੀਂ ਹੁੰਦੇ।
- ਟੀ ਬੀ ਦੀ ਸਾਰੀ ਦਵਾਈ ਇੱਕੋ ਸਮੇਂ ਉੱਤੇ ਲਓ, ਜਦੋਂ ਤੀਕ ਡਾਕਟਰ ਜਾਂ ਨਰਸ ਨੇ ਵੱਖਰੀਆਂ ਹਿਦਾਇਤਾਂ ਨਾ ਦਿੱਤੀਆਂ ਹੋਣ।
- ਆਪਣੀ ਟੀ ਬੀ ਦੀ ਦਵਾਈ ਹਰ ਰੋਜ ਇੱਕੋ ਹੀ ਟਾਇਮ ਦੇ ਆਸੇ ਪਾਸੇ ਲਓ, ਤਾਂ ਕਿ ਤੁਸੀਂ ਭੁੱਲ ਨਾ ਜਾਓ। ਜਿੰਨਾਂ ਦਿਨਾਂ ਨੂੰ ਤੁਹਾਡੀ ਐਚ ਓ ਡਬਲਿਯੂ ਮਿਲਣ ਆਉਂਦੀ ਹੈ, ਆਪਣੀ ਟੀ ਬੀ ਦੀ ਦਵਾਈ ਮੁਲਾਕਾਤ ਦੇ ਦੌਰਾਨ ਲਓ।
- ਜੇ ਟੀ ਬੀ ਦੀ ਦਵਾਈ ਲੈਂਦੇ ਹੋਏ ਤੁਹਾਡੇ ਵਿੱਚ ਲੱਛਣ ਦਿਖਦੇ ਹਨ ਜਾਂ ਤੁਸੀਂ ਬਿਮਾਰ ਮਹਿਸੂਸ ਕਰਦੇ ਹੋ,ਆਪਣੇ ਡਾਕਟਰ, ਪੀ ਐਚ ਐਨ ਜਾਂ ਐਚ ਓ ਡਬਲਿਯੂ ਨੂੰ ਦਸੋ।
- ਆਪਣੀ ਟੀ ਬੀ ਦੀ ਦਵਾਈ ਹਰ ਰੋਜ ਲੈਣਾ ਯਾਦ ਰੱਖਣ ਵਿੱਚ ਮਦਦ ਕਰਨ ਲਈ ਤੁਸੀਂ:
  - ਪਰਵਾਰ ਦੇ ਸਦੱਸ ਜਾਂ ਦੋਸਤ ਨੂੰ ਤੁਹਾਨੂੰ ਯਾਦ ਕਰਵਾਉਣ ਲਈ ਕਹਿ ਸਕਦੇ ਹੋ
  - ਜਿਸ ਦਿਨ ਤੁਸੀਂ ਦਵਾਈ ਲੈ ਲਈ ਹੈ ਉਨ੍ਹਾਂ ਦਿਨਾਂ ਨੂੰ ਚੈੱਕ ਆਫ ਕਰਨ ਵਾਸਤੇ ਕਲੰਡਰ ਦੀ ਵਰਤੋਂ ਕਰ ਸਕਦੇ ਹੋ
  - ਆਪਣੀ ਘੜੀ ਜਾਂ ਸੈੱਲ ਫੋਨ ਉੱਤੇ ਉਸ ਸਮੇਂ ਦਾ ਅਲਾਰਮ ਲਗਾਓ ਜਿਸ ਵੇਲੇ ਤੁਹਾਨੂੰ ਦਵਾਈ ਲੈਣ ਦੀ ਲੋੜ ਹੈ
  - ਨੋਟ ਲਿੱਖ ਕੇ ਆਪਣੇ ਬਾਥਰੂਮ ਦੇ ਸ਼ੀਸ਼ੇ ਉੱਤੇ ਲਗਾਓ
- ਆਪਣੀ ਦਵਾਈ ਦੂਸਰੇ ਲੋਕਾਂ ਨਾਲ ਸਾਂਝੀ ਨਾ ਕਰੋ।
- ਦਵਾਈ ਨੂੰ ਲੇਬਲ ਉੱਤੇ ਦਿੱਤੀ ਗਈ ਸਮਾਪਤੀ ਦੀ ਮਿਤੀ ਦੇ ਬਾਦ ਨਾ ਵਰਤੋ।
- ਟੀ ਬੀ ਦੀ ਦਵਾਈ ਲੈਂਦੇ ਹੋਏ ਸ਼ਰਾਬ ਨਾ ਪਿਓ ਕਿਉਂਕਿ ਸ਼ਰਾਬ ਤੁਹਾਡੇ ਜਿਗਰ ਨੂੰ ਨੁਕਸਾਨ ਪਹੁੰਚਾ ਸਕਦੀ ਹੈ।
- ਆਪਣੀ ਦਵਾਈ ਖਤਮ ਹੋਣ ਤੋਂ ਦੋ ਜਾਂ ਤਿੰਨ ਹਫਤੇ ਪਹਿਲਾਂ ਆਪਣੇ ਟੀ ਬੀ ਡਾਕਟਰ, ਪੀ ਐਚ ਐਨ ਜਾਂ ਐਚ ਓ ਡਬਲਿਯੂ ਨੂੰ ਦਸੋ ਤਾਂ ਕਿ ਤੁਹਾਡੀ ਅਗਲੀ ਸਪਲਾਈ ਆਰਡਰ ਕੀਤੀ ਜਾ ਸਕੇ।
- ਤੁਹਾਡੀ ਐਚ ਓ ਡਬਲਿਯੂ (HOW) ਹਰ ਮੁਲਾਕਾਤ ਵੇਲੇ ਤੁਹਾਡੇ dosette ਨੂੰ ਚੈਕ ਕਰੇਗੀ ਅਤੇ ਨੇਮਕ ਤੌਰ ਉੱਤੇ ਤੁਹਾਡੀਆਂ ਦਵਾਈ ਦੀਆਂ ਬੋਤਲਾਂ ਚੈਕ ਕਰੇਗੀ।

**ਮੈਂ ਟੀ ਬੀ ਦੀ ਦਵਾਈ ਨੂੰ ਕਿਸ ਤਰ੍ਹਾਂ ਸਟੋਰ ਕਰਾਂ ?**

- ਸਾਰੀ ਦਵਾਈ ਨੂੰ ਬੱਚਿਆਂ ਦੀ ਪਹੁੰਚ ਤੋਂ ਬਾਹਰ ਰੱਖੋ।
- ਟੀ ਬੀ ਦੀ ਦਵਾਈ ਨੂੰ ਕਮਰੇ ਦੇ ਤਾਪਮਾਨ ਉੱਤੇ ਸੁੱਕੀ ਥਾਂ ਵਿੱਚ ਰੱਖੋ, ਜਦੋਂ ਤੱਕ ਕਿ ਲੇਬਲ ਤੁਹਾਨੂੰ ਵੱਖਰੀਆਂ ਹਿਦਾਇਤਾਂ ਨਾ ਦੇਵੇ।
- ਸਫਰ ਕਰਦੇ ਸਮੇਂ ਆਪਣੀਆਂ ਦਵਾਈ ਨੂੰ ਆਪਣੇ ਨਾਲ ਪਰਸ ਜਾਂ ਕੈਰੀ ਔਨ ਸਮਾਨ ਵਿੱਚ ਰੱਖੋ।

ਟੀ ਬੀ ਦੀ ਦਵਾਈ

# ਤਪਦਿਕ ਦਾ ਇਲਾਜ ਅਤੇ ਖਾਤਮਾ ਕਰਨ ਵਾਲੀਆਂ ਦਵਾਈਆਂ
..ਜਾਰੀ

**ਜੇ ਮੈਂ ਆਪਣੀ ਦਵਾਈ ਲੈਣੀ ਭੁੱਲ ਜਾਵਾਂ ਤਾਂ ਕੀ ?**

ਜੇ ਤੁਸੀਂ ਆਪਣੀ ਟੀ ਬੀ ਦੀ ਦਵਾਈ ਦੀ ਖੁਰਾਕ ਲੈਣੀ ਭੁੱਲ ਜਾਂਦੇ ਹੋ, ਉਸ ਨੂੰ ਜਿੰਨੀ ਜਲਦੀ ਸੰਭਵ ਹੋਏ ਲੈ ਲਓ, ਪਰ ਕਦੇ ਵੀ ਦੋ ਖੁਰਾਕਾਂ ਇੱਕੋ ਵੇਲੇ ਜਾਂ ਇੱਕ ਦੂਜੇ ਦੇ ਨਜਦੀਕ ਨਾ ਲਓ। ਆਪਣੇ ਟੀ ਬੀ ਡਾਕਟਰ, ਪੀ ਐਚ ਐਨ ਜਾਂ ਐਚ ਓ ਡਬਲਿਯੂ ਨੂੰ ਕੋਈ ਵੀ ਮਿਸ ਕੀਤੀਆਂ ਖੁਰਾਕਾਂ ਬਾਰੇ ਦਸੋ।

ਜੇ ਤੁਸੀਂ ਇੱਕ ਤੋਂ ਜਿਆਦਾ ਖੁਰਾਕ ਮਿਸ ਕਰਦੇ ਹੋ,ਆਪਣੇ ਡਾਕਟਰ ਨੂੰ ਸਲਾਹ ਲਈ ਫੋਨ ਕਰੋ ਅਤੇ ਆਪਣੀ ਪੀ ਐਚ ਐਨ ਜਾਂ ਐਚ ਓ ਡਬਲਿਯੂ ਨੂੰ ਦਸੋ। ਪੀ ਐਚ ਐਨ ਜਾਂ ਐਚ ਓ ਡਬਲਿਯੂ ਤੁਹਾਨੂੰ ਤੁਹਾਡੀ ਦਵਾਈ ਲੈਣਾ ਯਾਦ ਰੱਖਣ ਵਾਸਤੇ ਤਰੀਕਾ ਲੱਭਣ ਵਿੱਚ ਸਹਾਇਤਾ ਕਰ ਸਕਦੀਆਂ ਹਨ।

**ਕੀ ਟੀ ਬੀ ਦੀ ਦਵਾਈ ਦੇ ਕੋਈ ਦੁਸ਼ਪ੍ਰਭਾਵ ਹੋਣਗੇ ?**

ਕਦੀ – ਕਦਾਈਂ ਦਵਾਈ ਕਰਕੇ ਅਣਚਾਹੇ ਦੁਸ਼ਪ੍ਰਭਾਵ ਹੋ ਸਕਦੇ ਹਨ। ਜਿਆਦਾਤਰ ਕੇਸਾਂ ਵਿੱਚ,ਇਹ ਗੰਭੀਰ ਨਹੀਂ ਹੁੰਦੇ,ਪਰ ਕੁਝ ਦੁਸ਼ਪ੍ਰਭਾਵਾਂ ਕਰਕੇ ਮੈਡੀਕਲ ਦੇਖਭਾਲ ਦੀ ਲੋੜ ਪੈਂਦੀ ਹੈ। ਜੇ ਤੁਹਾਡੇ ਵਿੱਚ ਕੋਈ ਦੁਸ਼ਪ੍ਰਭਾਵ ਵਿਕਸਤ ਹੁੰਦੇ ਹਨ, ਉਨ੍ਹਾਂ ਦੀ ਰਿਪੋਰਟ ਆਪਣੇ ਟੀ ਬੀ ਡਾਕਟਰ, ਪੀ ਐਚ ਐਨ ਜਾਂ ਐਚ ਓ ਡਬਲਿਯੂ ਨੂੰ ਕਰੋ। ਇੰਨ੍ਹਾਂ ਚੀਜਾਂ ਲਈ ਸਾਵਧਾਨ ਰਹੋ :

- ਖੁਜਲੀ, ਚਮੜੀ ਉੱਤੇ ਰੈਸ਼, ਹਾਇਵਜ (hives), ਸਾਹ ਲੈਣ ਵਿੱਚ ਤਕਲੀਫ, ਮੂੰਹ ਜਾਂ ਗਲੇ ਦਾ ਸੁਜਣਾ,ਮੂੰਹ ਦੇ ਆਸੇ ਪਾਸੇ ਝਰਨਾਹਟ ਜਾਂ ਸੁੰਨ ਹੋਣਾ
- ਹੱਥਾਂ ਜਾਂ ਪੈਰਾਂ ਦੀਆਂ ਉਂਗਲੀਆਂ ਵਿੱਚ ਝਰਨਾਹਟ ਜਾਂ ਉਨ੍ਹਾਂ ਦਾ ਸੁੰਨ ਹੋਣਾ
- ਤਿੰਨ ਦਿਨ ਜਾਂ ਉਸ ਤੋਂ ਵੱਧ ਦਿਨਾਂ ਲਈ ਬੁਖਾਰ
- ਫਲੂ ਵਰਗੇ ਲੱਛਣ (ਬੁਖਾਰ, ਠੰਢ ਲੱਗਣਾ, ਚੱਕਰ ਆਉਣੇ, ਕਮਜੋਰੀ, ਮਾਸਪੇਸ਼ੀਆਂ ਵਿੱਚ ਦਰਦਾਂ)
- ਨਵੀਂ ਖਾਂਸੀ
- ਮਹਿਸੂਸ ਕਰਨ ਦੀ ਸ਼ਕਤੀ ਜਾਂ ਮਾਸਪੇਸ਼ੀਆਂ ਉੱਤੇ ਕੰਟਰੋਲ ਦਾ ਖੋਣਾ
- ਦੁੱਖਦੇ, ਦਰਦ ਵਾਲੇ ਜਾਂ ਸੁੱਜੇ ਹੋਏ ਜੋੜ
- ਭੁੱਖ ਨਾ ਲੱਗਣਾ
- ਥਕਾਵਟ,ਬਹੁਤ ਥਕਿਆ ਹੋਇਆ ਜਾਂ ਕਮਜੋਰ ਮਹਿਸੂਸ ਕਰਨਾ
- ਪੇਟ ਖਰਾਬ ਹੋਣਾ, ਮਤਲੀ, ਉਲਟੀਆਂ
- ਪੇਟ ਵਿੱਚ ਮਰੋੜ ਜਾਂ ਪੇਟ ਵਿੱਚ ਦਰਦ
- ਦਸਤ
- ਪੀਲੀ ਚਮੜੀ ਜਾਂ ਪੀਲੀਆਂ ਅੱਖਾਂ (ਪੀਲੀਆ); ਬਹੁਤ ਗੂੜ੍ਹਾ ਪਿਸ਼ਾਬ
- ਆਸਾਨੀ ਨਾਲ ਰੱਗੜਾਂ ਲੱਗਣਾ ਜਾਂ ਸੱਟਾਂ ਤੋਂ ਖੂਨ ਨਿਕਲਣਾ
- ਧੁੰਦਲੀ ਨਜਰ, ਲਾਲ ਅਤੇ ਹਰੇ ਰੰਗ ਵਿੱਚ ਫਰਕ ਦੱਸਣ ਵਿੱਚ ਕਠਨਾਈ (ਰੰਗਾਂ ਸੰਬੰਧੀ ਅੰਨ੍ਹਾਪਨ), ਜਾਂ ਤੁਹਾਡੀ ਨਜਰ ਵਿੱਚ ਦੂਸਰੇ ਪਰਿਵਰਤਨ
- ਚੱਕਰ ਆਉਣੇ ਜਾਂ ਅਸਥਿਰ ਮਹਿਸੂਸ ਕਰਨਾ

**ਇਸ ਸੂਚੀ ਵਿੱਚ ਨਾ ਦਿੱਤੇ ਗਏ ਦੂਸਰੇ ਦੁਸ਼ਪ੍ਰਭਾਵ ਵੀ ਵਾਪਰ ਸਕਦੇ ਹਨ।**

ਮਹੱਤਵਪੂਰਨ : ਜੇ ਤੁਸੀਂ ਕੋਈ ਲੱਛਣ ਦੇਖਦੇ ਹੋ ਜਾਂ ਸੋਚਦੇ ਹੋ ਕਿ ਤੁਹਾਨੂੰ ਤੁਹਾਡੇ ਟੀ ਬੀ ਦੀ ਦਵਾਈ ਦੇ ਦੁਸ਼ਪ੍ਰਭਾਵ ਹੋ ਰਹੇ ਹਨ ,ਆਪਣੇ ਡਾਕਟਰ,ਨਰਸ ਨਾਲ ਸੰਪਰਕ ਕਰੋ ਜਾਂ ਟੇਲੀਹੈਲਥ ਨੂੰ 1-866-797-0000 ਉੱਤੇ ਸਲਾਹ ਲਈ ਫੋਨ ਕਰੋ। ਜੇ ਤੁਹਾਨੂੰ ਸ਼ਾਮ, ਸ਼ਨੀਵਾਰ ਐਤਵਾਰ ਜਾਂ ਛੁੱਟੀਆਂ ਦੇ ਦੌਰਾਨ ਦੁਸ਼ਪ੍ਰਭਾਵ ਹੁੰਦੇ ਹਨ ,ਸਭ ਤੋਂ ਨਜਦੀਕੀ ਐਮਰਜੰਸੀ ਵਿਭਾਗ ਵਿੱਚ ਜਾਓ।

# ਤਪਦਿਕ ਦਾ ਇਲਾਜ ਅਤੇ ਖਾਤਮਾ ਕਰਨ ਵਾਲੀਆਂ ਦਵਾਈਆਂ
..ਜਾਰੀ

## ਆਈਸੋਨਿਆਜਿਡ (ਆਈਸੋਟਾਮਾਇਨ) (Isoniazid (Isotamine))

ਆਈਸੋਨਿਆਜਿਡ ਇੱਕ ਐਂਟੀਬਾਇਓਟਿਕ ਹੈ ਜੋ ਟੀ ਬੀ ਦੇ ਕੀਟਾਣੂਆਂ ਨੂੰ ਮਾਰ ਦਿੰਦੀ ਹੈ। ਇਸ ਦੀ ਵਰਤੋਂ ਇਸ ਲਈ ਕੀਤੀ ਜਾ ਸਕਦੀ ਹੈ :

- ਟੀ ਬੀ ਦੀ ਦੂਸਰੀ ਦਵਾਈ ਦੇ ਨਾਲ ਮਿਲਾਕੇ ਸਕ੍ਰਿਏ ਟੀ ਬੀ ਦਾ ਇਲਾਜ
- ਤਪਦਿਕ ਦੇ ਦਬੇ ਹੋਏ ਵਿਗਾੜ (ਲੇਟੈਂਟ ਟੀ ਬੀ ਇੰਨਫੈਕਸ਼ਨ )(ਐਲ ਟੀ ਬੀ ਆਈ) ਦਾ ਇਲਾਜ

### ਮੈਨੂੰ ਇਸ ਦਵਾਈ ਨੂੰ ਲੈਣ ਬਾਰੇ ਕੀ ਪਤਾ ਹੋਣਾ ਚਾਹੀਦਾ ਹੈ ?

- ਇਸ ਦਵਾਈ ਨੂੰ ਖਾਲੀ ਪੇਟ ਇੱਕ ਪੂਰੇ ਗਲਾਸ ਪਾਣੀ ਨਾਲ ਲਓ ( ਖਾਣੇ ਤੋਂ ਇੱਕ ਘੰਟਾ ਪਹਿਲਾਂ ਜਾਂ ਖਾਣੇ ਤੋਂ ਦੋ ਘੰਟੇ ਬਾਦ)। ਜੇ ਇਹ ਤੁਹਾਡੇ ਪੇਟ ਨੂੰ ਖਰਾਬ ਕਰ ਦਿੰਦੀ ਹੈ ਇਸ ਨੂੰ ਖਾਣੇ ਦੀ ਛੋਟੀ ਮਾਤਰਾ ਨਾਲ ਲਓ।
- ਜੇ ਤੁਹਾਨੂੰ ਗੋਲੀਆਂ ਨਿਗਲਨ ਵਿੱਚ ਤਕਲੀਫ ਹੈ ਦਵਾਈ ਦਾ ਤਰਲ ਰੂਪ ਉਪਲਬਧ ਹੈ।
- ਇਸ ਦਵਾਈ ਨੂੰ ਐਂਟਐਸਿਡ ਲੈਣ ਤੋਂ ਘੱਟੋ ਘੱਟ ਦੋ ਘੰਟੇ ਪਹਿਲਾਂ ਲਓ।
- ਤੁਹਾਡੀਆਂ ਹੱਥਾਂ ਜਾਂ ਪੈਰਾਂ ਦੀਆਂ ਉਂਗਲੀਆਂ ਵਿੱਚ ਝਰਨਾਹਟ ਜਾਂ ਉਨ੍ਹਾਂ ਨੂੰ ਸੁੰਨ ਹੋਣ ਤੋਂ ਰੋਕਣ ਲਈ ਹੋ ਸਕਦਾ ਹੈ ਵਿਟਾਮਿੰਨ ਬੀ 6 ਦਿੱਤੀ ਜਾਏ।
- ਏਪੀਲੈਪਸੀ ਜਾਂ ਦੌਰਿਆਂ ਲਈ ਦਿੱਤੀਆਂ ਜਾਣ ਵਾਲੀਆਂ ਕਈ ਦਵਾਈਆਂ (ਜਿਵੇਂ ਕਿ ਡਿਲੈਨਟਿੰਨ) ਆਈਸੋਨਿਆਜਿਡ ਲੈਂਦੇ ਹੋਏ ਚੰਗੀ ਤਰ੍ਹਾਂ ਕੰਮ ਨਹੀਂ ਕਰਦੀਆਂ।
- ਸੰਭਵ ਹੈ ਕਿ ਰੈਡ ਵਾਇੰਨ,ਕੁਝ ਏਜ ਕੀਤੇ ਚੀਜ(ਮਿਸਾਲ ਦੇ ਤੌਰ ਉੱਤੇ, ਸਵਿਸ,ਚੈਸ਼ਾਇਰ) ਅਤੇ ਮੱਛੀ (ਟੂਨਾ, ਸਕਿਪਜੈਕ,ਸਾਰਡੀਨਜ) ਚਮੜੀ ਵਿੱਚ ਲਾਲੀ ਜਾਂ ਖੁਜਲੀ, ਗਰਮੀ ਲੱਗਣ, ਦਿਲ ਦੀ ਤੇਜ ਜਾਂ ਜੋਰਦਾਰ ਧੜਕਨ, ਪਸੀਨਾ ਆਉਣ, ਠੰਡ ਲੱਗਣ ਜਾਂ ਚਿਪਚਿਪਾ ਮਹਿਸੂਸ ਕਰਨ, ਸਿਰਦਰਦ ਜਾਂ ਚੱਕਰ ਆਉਣ ਵਰਗਾ ਮਹਿਸੂਸ ਕਰਨ ਦਾ ਕਾਰਨ ਬਣਨ।
- ਹਲਕਾ ਪੇਟ ਖਰਾਬ ਹੋਣਾ ਆਮ ਹੈ।

ਇੰਨ੍ਹਾਂ ਚੀਜਾਂ ਵੱਲ ਧਿਆਨ ਦਿਓ :

- ਮਤਲੀ,ਉਲਟੀ,ਭੁੱਖ ਨਾ ਲੱਗਣੀ,ਪੇਟ ਵਿੱਚ ਦਰਦ
- ਥਕਾਵਟ,ਬਹੁਤ ਥਕਿਆ ਹੋਇਆ ਜਾਂ ਕਮਜੋਰ ਮਹਿਸੂਸ ਕਰਨਾ
- ਤਿੰਨ ਦਿਨ ਜਾਂ ਉਸ ਤੋਂ ਵੱਧ ਦਿਨਾਂ ਲਈ ਬੁਖਾਰ
- ਹੱਥਾਂ ਜਾਂ ਪੈਰਾਂ ਦੀਆਂ ਉਂਗਲੀਆਂ ਵਿੱਚ ਝਰਨਾਹਟ ਜਾਂ ਉਨ੍ਹਾਂ ਦਾ ਸੁੰਨ ਹੋਣਾ
- ਖੁਜਲੀ, ਚਮੜੀ ਉੱਤੇ ਰੈਸ਼
- ਗੂੜ੍ਹਾ ਪਿਸ਼ਾਬ,ਪੀਲੀ ਚਮੜੀ ਜਾਂ ਪੀਲੀਆਂ ਅੱਖਾਂ (ਪੀਲੀਆ)
- ਕੁਝ ਲੋਕਾਂ ਵਿੱਚ ਇਸ ਸੂਚੀ ਵਿੱਚ ਨਾ ਦਿੱਤੇ ਗਏ ਦੂਸਰੇ ਦੁਸ਼ਪ੍ਰਭਾਵ ਅਸਰ ਵੀ ਵਾਪਰ ਸਕਦੇ ਹਨ। ਜੇ ਤੁਸੀਂ ਕੋਈ ਹੋਰ ਲੱਛਣ ਜਾਂ ਦੁਸ਼ਪ੍ਰਭਾਵ ਦੇਖਦੇ ਹੋ ਸਲਾਹ ਲਈ ਆਪਣੇ ਡਾਕਟਰ ਨਾਲ ਸੰਪਰਕ ਕਰੋ।

## ਰੀਫਾਮਪਿੰਨ (ਰੋਫੈਕਟ,ਰੀਫਾਡਿੰਨ) (Rifampin (Rofact, Rifadin))

ਰੀਫਾਮਪਿੰਨ ਇੱਕ ਐਂਟੀਬਾਇਓਟਿਕ ਹੈ ਜੋ ਟੀ ਬੀ ਦੇ ਕੀਟਾਣੂਆਂ ਨੂੰ ਮਾਰ ਦਿੰਦੀ ਹੈ। ਇਸ ਦੀ ਵਰਤੋਂ ਇਸ ਲਈ ਕੀਤੀ ਜਾ ਸਕਦੀ ਹੈ :

- ਟੀ ਬੀ ਦੀ ਦੂਸਰੀ ਦਵਾਈ ਦੇ ਨਾਲ ਮਿਲਾਕੇ ਸਕ੍ਰਿਏ ਟੀ ਬੀ ਦਾ ਇਲਾਜ
- ਤਪਦਿਕ ਦੇ ਦਬੇ ਹੋਏ ਵਿਗਾੜ (ਲੇਟੈਂਟ ਟੀ ਬੀ ਇੰਨਫੈਕਸ਼ਨ )(ਐਲ ਟੀ ਬੀ ਆਈ) ਦਾ ਇਲਾਜ

### ਮੈਨੂੰ ਇਸ ਦਵਾਈ ਨੂੰ ਲੈਣ ਬਾਰੇ ਕੀ ਪਤਾ ਹੋਣਾ ਚਾਹੀਦਾ ਹੈ ?

- ਇਸ ਦਵਾਈ ਨੂੰ ਖਾਲੀ ਪੇਟ ਇੱਕ ਪੂਰੇ ਗਲਾਸ ਪਾਣੀ ਨਾਲ ਲਓ ( ਖਾਣੇ ਤੋਂ ਇੱਕ ਘੰਟਾ ਪਹਿਲਾਂ ਜਾਂ ਖਾਣੇ ਤੋਂ ਦੋ ਘੰਟੇ ਬਾਦ)। ਜੇ ਇਹ ਤੁਹਾਡੇ ਪੇਟ ਨੂੰ ਖਰਾਬ ਕਰ ਦਿੰਦੀ ਹੈ ਇਸ ਨੂੰ ਖਾਣੇ ਦੀ ਛੋਟੀ ਮਾਤਰਾ ਨਾਲ ਲਓ।
- ਜੇ ਸੰਭਵ ਹੋਏ ਤਾਂ ਕੈਪਸੂਲ ਨੂੰ ਪੂਰਾ ਲਓ। ਜੇ ਤੁਹਾਨੂੰ ਕੈਪਸੂਲ ਨਿਗਲਨ ਵਿੱਚ ਤਕਲੀਫ ਹੁੰਦੀ ਹੈ, ਉਸ ਨੂੰ ਖੋਲ ਕੇ ਨਰਮ ਖਾਣੇ ,ਜਿਵੇਂ ਕਿ ਐਪਲਸੌਸ,ਪੁਡਿੰਗ ਜਾਂ ਦਹੀ, ਦੀ ਛੋਟੀ ਮਾਤਰਾ ਦੇ ਨਾਲ ਮਿਲਾਇਆ ਜਾ ਸਕਦਾ ਹੈ।

- ਜੇ ਤੁਹਾਨੂੰ ਕੈਪਸੂਲ ਨਿਗਲਨ ਵਿੱਚ ਤਕਲੀਫ ਹੈ ਦਵਾਈ ਦਾ ਤਰਲ ਰੂਪ ਉਪਲਬਧ ਹੈ।
- ਰੀਫਾਮਪਿੰਨ ਲੈਂਦੇ ਹੋਏ ਗਰਭ ਨਿਰੋਧਕ ਗੋਲੀਆਂ ਠੀਕ ਤਰ੍ਹਾਂ ਕੰਮ ਨਹੀਂ ਕਰਦੀਆਂ। ਗਰਭ ਰੋਕਣ ਲਈ ਗਰਬ ਨਿਰੋਧ ਦੇ ਦੂਸਰੇ ਤਰੀਕੇ ਵਰਤੋ।
- ਸੰਭਵ ਹੈ ਇਹ ਸਰੀਰ ਦੇ ਤਰਲ ਪਦਾਰਥਾਂ (ਪਿਸ਼ਾਬ, ਪਸੀਨੇ, ਅੱਥਰੂਆਂ, ਥੁੱਕ ਅਤੇ ਟੱਟੀ) ਨੂੰ ਗੂੜ੍ਹਾ ਪੀਲਾ ਜਾਂ ਨਾਰੰਗੀ-ਲਾਲ ਰੰਗ ਵਿੱਚ ਬਦਲ ਦੇਵੇਗੀ। ਇਹ ਨੁਕਸਾਨਦਿਕ ਨਹੀਂ ਹੈ ਅਤੇ ਤੁਹਾਡੇ ਇਲਾਜ ਦੇ ਖਤਮ ਹੋਣ ਦੇ ਨਜਦੀਕ ਠੀਕ ਹੋ ਜਾਏਗਾ, ਪਰ ਸੰਭਵ ਹੈ ਕਿ ਨਰਮ ਕੋਨਟੈਕਟ ਲੈਂਸ ਅਤੇ ਕਪੜੇ ਸਥਾਈ ਤੌਰ ਉੱਤੇ ਦਾਗੀ ਹੋ ਜਾਣ।
- ਹਲਕਾ ਪੇਟ ਖਰਾਬ ਹੋਣਾ ਆਮ ਹੈ।

ਇੰਨ੍ਹਾਂ ਚੀਜਾਂ ਵੱਲ ਧਿਆਨ ਦਿਓ :

- ਮਤਲੀ,ਉਲਟੀ,ਭੁੱਖ ਨਾ ਲੱਗਣੀ,ਪੇਟ ਵਿੱਚ ਦਰਦ
- ਥਕਾਵਟ,ਬਹੁਤ ਥਕਿਆ ਹੋਇਆ ਜਾਂ ਕਮਜੋਰ ਮਹਿਸੂਸ ਕਰਨਾ
- ਤਿੰਨ ਦਿਨ ਜਾਂ ਉਸ ਤੋਂ ਵੱਧ ਦਿਨਾਂ ਲਈ ਬੁਖਾਰ
- ਫਲੂ ਵਰਗੇ ਲੱਛਣ (ਬੁਖਾਰ, ਠੰਢ ਲੱਗਣਾ, ਚੱਕਰ ਆਉਣੇ, ਕਮਜੋਰੀ, ਮਾਸਪੇਸ਼ੀਆਂ ਵਿੱਚ ਦਰਦਾਂ)
- ਖੁਜਲੀ, ਚਮੜੀ ਉੱਤੇ ਰੈਸ਼
- ਗੂੜ੍ਹਾ ਪਿਸ਼ਾਬ , ਪੀਲੀ ਚਮੜੀ ਜਾਂ ਪੀਲੀਆਂ ਅੱਖਾਂ (ਪੀਲੀਆ)
- ਹੱਡੀਆਂ ਜਾਂ ਜੋੜ੍ਹਾ ਦੀ ਦਰਦ
- ਮਾਹਵਾਰੀ ਵਿੱਚ ਪਰਿਵਰਤਨ
- ਕੁਝ ਲੋਕਾਂ ਵਿੱਚ ਇਸ ਸੂਚੀ ਵਿੱਚ ਨਾ ਦਿੱਤੇ ਗਏ ਦੂਸਰੇ ਦੁਸ਼ਪ੍ਰਭਾਵ ਵੀ ਵਾਪਰ ਸਕਦੇ ਹਨ। ਜੇ ਤੁਸੀਂ ਕੋਈ ਹੋਰ ਲੱਛਣ ਜਾਂ ਦੁਸ਼ਪ੍ਰਭਾਵ ਦੇਖਦੇ ਹੋ ਸਲਾਹ ਲਈ ਆਪਣੇ ਡਾਕਟਰ ਨਾਲ ਸੰਪਰਕ ਕਰੋ।

## ਏਥਾਮਬੁਟੋਲ (ਈਟੀਬੀ) (Ethambutol (Etibi))

ਏਥਾਮਬੁਟੋਲ ਇੱਕ ਐਂਟੀਬਾਇਓਟਿਕ ਹੈ ਜੋ ਟੀ ਬੀ ਦੇ ਕੀਟਾਣੂਆਂ ਨੂੰ ਵੱਧਣ ਤੋਂ ਰੋਕਦੀ ਹੈ। ਇਸ ਦੀ ਵਰਤੋਂ ਇਸ ਲਈ ਕੀਤੀ ਜਾ ਸਕਦੀ ਹੈ :

- ਟੀ ਬੀ ਦੀ ਦੂਸਰੀ ਦਵਾਈ ਦੇ ਨਾਲ ਮਿਲਾਕੇ ਸਕ੍ਰਿਏ ਟੀ ਬੀ ਦਾ ਇਲਾਜ

**ਮੈਨੂੰ ਇਸ ਦਵਾਈ ਨੂੰ ਲੈਣ ਬਾਰੇ ਕੀ ਪਤਾ ਹੋਣਾ ਚਾਹੀਦਾ ਹੈ ?**

- ਜੇ ਸੰਭਵ ਹੋਏ ਤਾਂ ਗੋਲੀਆਂ ਨੂੰ ਪੂਰਾ ਨਿਗਲੋ,ਪਾਣੀ ਜਾਂ ਜੂਸ ਦੇ ਨਾਲ। ਗੋਲੀਆਂ ਨੂੰ ਨਾ ਫੇਹਣਾ ਜਾਂ ਨਾ ਚਬਾਉਣਾ ਸਭ ਤੋਂ ਚੰਗਾ ਹੈ।
- ਇਸ ਨੂੰ ਖਾਣੇ ਦੇ ਨਾਲ ਜਾਂ ਖਾਣੇ ਦੇ ਬਿਨਾਂ ਲਿਆ ਜਾ ਸਕਦਾ ਹੈ।
- ਇਸ ਦਵਾਈ ਲੈਣ ਦੇ ਚਾਰ ਘੰਟੇ ਦੇ ਅੰਦਤ ਐਂਟਐਸਿਡ ਨਾ ਲਓ।
- ਜੇ ਤੁਸੀਂ ਲੰਮੇ ਸਮੇਂ ਲਈ ਇਹ ਦਵਾਈ ਲੈਂਦੇ ਹੋ,ਤੁਹਾਡਾ ਡਾਕਟਰ ਤੁਹਾਡੀਆਂ ਅੱਖਾਂ ਚੈੱਕ ਕਰਵਾਉਣ ਦਾ ਇੰਤਜਾਮ ਕਰੇਗਾ।
- ਨਜਰ ਵਿੱਚ ਹੋਣ ਵਾਲੇ ਕਿਸੇ ਵੀ ਪਰਿਵਰਤਨ ਬਾਰੇ ਆਪਣੇ ਡਾਕਟਰ ਨੂੰ ਤੁਰੰਤ ਸੂਚਤ ਕਰੋ।

ਇੰਨ੍ਹਾਂ ਚੀਜਾਂ ਵੱਲ ਧਿਆਨ ਦਿਓ :

- ਧੁੰਦਲੀ ਨਜਰ, ਲਾਲ ਅਤੇ ਹਰੇ ਰੰਗ ਵਿੱਚ ਫਰਕ ਦੱਸਣ ਵਿੱਚ ਕਠਨਾਈ (ਰੰਗਾਂ ਸੰਬੰਧੀ ਅੰਨ੍ਹਾਪਨ), ਅੱਖਾਂ ਵਿੱਚ ਦਰਦ ਜਾਂ ਅੱਖਾਂ ਸੰਬੰਧੀ ਕੋਈ ਹੋਰ ਸਮੱਸਿਆਵਾਂ
- ਅਚਾਨਕ ਹੋਣ ਵਾਲੀ ਉਲਝਣ
- ਚੱਕਰ ਆਉਣੇ, ਥਕਾਵਟ
- ਬੁਖਾਰ
- ਮਤਲੀ,ਉਲਟੀ,ਭੁੱਖ ਨਾ ਲੱਗਣੀ,ਪੇਟ ਵਿੱਚ ਦਰਦ
- ਖੁਜਲੀ, ਚਮੜੀ ਉੱਤੇ ਰੈਸ਼
- ਜੋੜਾਂ ਵਿੱਚ ਦਰਦ ਜਾਂ ਸੋਜ
- ਕੁਝ ਲੋਕਾਂ ਵਿੱਚ ਇਸ ਸੂਚੀ ਵਿੱਚ ਨਾ ਦਿੱਤੇ ਗਏ ਦੂਸਰੇ ਦੁਸ਼ਪ੍ਰਭਾਵ ਵੀ ਵਾਪਰ ਸਕਦੇ ਹਨ। ਜੇ ਤੁਸੀਂ ਕੋਈ ਹੋਰ ਲੱਛਣ ਜਾਂ ਦੁਸ਼ਪ੍ਰਭਾਵ ਦੇਖਦੇ ਹੋ ਸਲਾਹ ਲਈ ਆਪਣੇ ਡਾਕਟਰ ਨਾਲ ਸੰਪਰਕ ਕਰੋ।

# ਤਪਦਿਕ ਦਾ ਇਲਾਜ ਅਤੇ ਖਾਤਮਾ ਕਰਨ ਵਾਲੀਆਂ ਦਵਾਈਆਂ

..ਜਾਰੀ

## ਪਾਇਰਾਜੀਨਾਮਾਇਡ (ਟੇਬਰਾਜਿਡ) (Pyrazinamide (Tebrazid))

ਪਾਇਰਾਜੀਨਾਮਾਇਡ ਇੱਕ ਐਂਟੀਬਾਇਓਟਿਕ ਹੈ ਜੋ ਟੀ ਬੀ ਦੇ ਕਿਟਾਣੂਆਂ ਨੂੰ ਮਾਰ ਦਿੰਦੀ ਹੈ। ਇਸ ਦੀ ਵਰਤੋਂ ਇਸ ਲਈ ਕੀਤੀ ਜਾ ਸਕਦੀ ਹੈ :

- ਟੀ ਬੀ ਦੀ ਦੂਸਰੀ ਦਵਾਈ ਦੇ ਨਾਲ ਮਿਲਾਕੇ ਸਕ੍ਰਿਏ ਟੀ ਬੀ ਦਾ ਇਲਾਜ

**ਮੈਨੂੰ ਇਸ ਦਵਾਈ ਨੂੰ ਲੈਣ ਬਾਰੇ ਕੀ ਪਤਾ ਹੋਣਾ ਚਾਹੀਦਾ ਹੈ ?**

- ਜੇ ਸੰਭਵ ਹੋਏ ਤਾਂ ਗੋਲੀਆਂ ਨੂੰ ਪੂਰਾ ਨਿਗਲੋ,ਪਾਣੀ ਜਾਂ ਜੂਸ ਦੇ ਨਾਲ। ਗੋਲੀਆਂ ਨੂੰ ਨਾ ਫੇਹਣਾ ਜਾਂ ਨਾ ਚਬਾਉਣਾ ਸਭ ਤੋਂ ਚੰਗਾ ਹੈ।
- ਇਸ ਨੂੰ ਖਾਣੇ ਦੇ ਨਾਲ ਜਾਂ ਖਾਣੇ ਦੇ ਬਿਨਾਂ ਲਿਆ ਜਾ ਸਕਦਾ ਹੈ।
- ਸੰਭਵ ਹੈ ਕਿ ਇਸ ਦਵਾਈ ਕਰਕੇ ਤੁਹਾਡੀ ਚਮੜੀ ਸੂਰਜ ਦੀ ਰੌਸ਼ਨੀ ਪ੍ਰਤੀ ਸੰਵੇਦਨਸ਼ੀਲ ਹੋ ਜਾਏ ਅਤੇ ਉਸ ਉੱਤੇ ਰੈਸ਼ ਵਿਕਸਤ ਹੋ ਜਾਏ। ਇਸ ਕਰਕੇ, ਸੂਰਜ ਵਿੱਚ ਆਪਣੇ ਟਾਇਮ ਨੂੰ ਸੀਮਤ ਕਰੋ,ਸੁਰੱਖਿਆ ਪ੍ਰਦਾਨ ਕਰਨ ਵਾਲੇ ਕਪੜੇ ਪਾਓ ਅਤੇ ਚਮੜੀ ਅਤੇ ਬੁੱਲਾਂ ਉੱਤੇ ਚੰਗੀ ਸੁਰੱਖਿਆ ਪ੍ਰਦਾਨ ਕਰਨ ਵਾਲੀ ਸਨਸਕ੍ਰੀਨ ਲਗਾਓ।
- ਸੰਭਵ ਹੈ ਕਿ ਇਹ ਸ਼ੱਕਰ ਰੋਗ ਦੇ ਪ੍ਰਬੰਧਨ ਵਿੱਚ ਦਖਲ ਪਾ ਸਕਦੀ ਹੈ।
- ਤੁਸੀਂ ਇਹ ਦਵਾਈ ਦੋ ਮਹੀਨੇ ਜਾਂ ਇਸ ਤੋਂ ਵੱਧ ਸਮੇਂ ਵਾਸਤੇ ਲਓਗੇ।

ਇੰਨ੍ਹਾਂ ਚੀਜਾਂ ਵੱਲ ਧਿਆਨ ਦਿਓ :

- ਲਾਲ, ਸੁੱਜੇ ਹੋਏ ਜਾਂ ਦਰਦ ਕਰਦੇ ਜੋੜ- ਖਾਸ ਕਰਕੇ ਪੈਰ ਦਾ ਵੱਡਾ ਅੰਗੂਠਾ,ਗਿੱਟੇ ਅਤੇ ਗੋਡੇ
- ਥਕਾਵਟ, ਕਮਜੋਰੀ, ਭੁੱਖ ਨਾ ਲੱਗਣੀ,ਮਤਲੀ, ਉਲਟੀ
- ਗੂੜ੍ਹਾ ਪਿਸ਼ਾਬ,ਪੀਲੀ ਚਮੜੀ ਜਾਂ ਪੀਲੀਆਂ ਅੱਖਾਂ (ਪੀਲੀਆ)
- ਸੂਰਜ ਦੀ ਰੌਸ਼ਨੀ ਪ੍ਰਤੀ ਵੱਧੀ ਹੋਈ ਸੰਵੇਦਨਸ਼ੀਲਤਾ – ਜਿਸ ਕਰਕੇ ਗੁਲਾਬੀ ਜਾਂ ਲਾਲ-ਭੂਰਾ ਰੈਸ਼ ਜਾਂ ਚਮੜੀ ਬਦਰੰਗ ਹੋ ਜਾਂਦੀ ਹੈ
- ਕੁਝ ਲੋਕਾਂ ਵਿੱਚ ਇਸ ਸੂਚੀ ਵਿੱਚ ਨਾ ਦਿੱਤੇ ਗਏ ਦੂਸਰੇ ਦੁਸ਼ਪ੍ਰਭਾਵ ਵੀ ਵਾਪਰ ਸਕਦੇ ਹਨ। ਜੇ ਤੁਸੀਂ ਕੋਈ ਹੋਰ ਲੱਛਣ ਜਾਂ ਦੁਸ਼ਪ੍ਰਭਾਵ ਦੇਖਦੇ ਹੋ ਸਲਾਹ ਲਈ ਆਪਣੇ ਡਾਕਟਰ ਨਾਲ ਸੰਪਰਕ ਕਰੋ।

## ਪਾਇਰੀਡੋਕਸੀਨ ( ਵਿਟਾਮਿੰਨ ਬੀ 6) (Pyridoxine (vitamin B6))

ਪਾਇਰੀਡੋਕਸੀਨ ਇੱਕ ਬੀ ਵਿਟਾਮਿੰਨ ਹੈ ਜਿਸ ਦੀ ਵਰਤੋਂ ਵਿਟਾਮਿੰਨ ਬੀ 6 ਦੀ ਕਮੀ (ਵਿਟਾਮਿੰਨ ਬੀ 6 ਦੇ ਘੱਟ ਸਤਰ) ਦੀ ਰੋਕਥਾਮ ਜਾਂ ਇਲਾਜ ਕਰਨ ਲਈ ਕੀਤੀ ਜਾਂਦੀ ਹੈ,ਜੋ ਕਿ ਕਈ ਵਾਰੀ ਆਈਸੋਨਿਆਜਿਡ ਕਰਕੇ ਹੁੰਦੀ ਹੈ। ਸੰਭਵ ਹੈ ਕਿ ਵਿਟਾਮਿੰਨ ਬੀ 6 ਦੀ ਕਮੀ ਕਰਕੇ ਰੱਗਾਂ ਵਿੱਚ ਸੋਜਸ਼ ਆ ਸਕਦੀ ਹੈ ਜਿਸ ਕਰਕੇ ਤੁਹਾਨੂੰ ਹੱਥਾਂ ਜਾਂ ਪੈਰਾਂ ਦੀਆਂ ਉਂਗਲੀਆਂ ਵਿੱਚ ਝਰਨਾਹਟ ਜਾਂ ਉਨ੍ਹਾਂ ਦਾ ਸੁੰਨ ਹੋਣਾ ਮਹਿਸੂਸ ਹੋ ਸਕਦਾ ਹੈ।

**ਮੈਨੂੰ ਇਸ ਦਵਾਈ ਨੂੰ ਲੈਣ ਬਾਰੇ ਕੀ ਪਤਾ ਹੋਣਾ ਚਾਹੀਦਾ ਹੈ ?**

- ਜੇ ਤੁਸੀਂ ਸਿਹਤਮੰਦ ਖੁਰਾਕ ਦੇ ਹਿੱਸੇ ਵਜੋਂ ਇਸ ਵਿਟਾਮਿੰਨ ਨੂੰ ਕਾਫੀ ਮਾਤਰਾ ਵਿੱਚ ਕਰ ਸਕਦੇ ਹੋ ਤਾਂ ਸੰਭਵ ਹੈ ਕਿ ਤੁਹਾਨੂੰ ਇਹ ਵਿਟਾਮਿੰਨ ਲੈਣ ਦੀ ਲੋੜ ਨਾ ਪਏ।
- ਵਿਟਾਮਿੰਨ ਬੀ 6 ਦੀ ਨਿਰਦਿਸ਼ਟ ਕੀਤੀ ਗਈ ਮਾਤਰਾ ਨਾਲੋਂ ਵੱਧ ਨਾ ਲਓ।
- ਮਲਟੀ- ਵਿਟਾਮਿੰਨ ਲੈਣ ਤੋਂ ਪਹਿਲਾਂ ਆਪਣੇ ਡਾਕਟਰ ਨਾਲ ਚੈਕ ਕਰੋ, ਕਿਉਂਕਿ ਹੋ ਸਕਦਾ ਹੈ ਉਸ ਵਿੱਚ ਪਾਇਰੀਡੋਕਸੀਨ ਹੋਏ।
- ਜੇ ਤੁਹਾਡੇ ਹੱਥਾਂ ਜਾਂ ਪੈਰਾਂ ਦੀਆਂ ਉਂਗਲੀਆਂ ਵਿੱਚ ਸੁੰਨ ਹੋਣ ਜਾਂ ਝਰਨਾਹਟ ਦਾ ਅਹਿਸਾਸ ਜਾਰੀ ਰਹਿੰਦਾ ਜਾਂ ਬਦਤਰ ਹੁੰਦਾ ਹੈ ਤਾਂ ਆਪਣੇ ਡਾਕਟਰ ਨੂੰ ਸੂਚਤ ਕਰੋ।

ਇੰਨ੍ਹਾਂ ਚੀਜਾਂ ਵੱਲ ਧਿਆਨ ਦਿਓ :

- ਮਤਲੀ,ਸਿਰਦਰਦ,ਨੀਂਦ ਆਉਣਾ
- ਕੁਚੱਜਾਪਨ ਜਾਂ ਕੋੜ੍ਹਾਪਨ
- ਕੁਝ ਲੋਕਾਂ ਵਿੱਚ ਇਸ ਸੂਚੀ ਵਿੱਚ ਨਾ ਦਿੱਤੇ ਗਏ ਦੂਸਰੇ ਦੁਸ਼ਪ੍ਰਭਾਵ ਵੀ ਵਾਪਰ ਸਕਦੇ ਹਨ। ਜੇ ਤੁਸੀਂ ਕੋਈ ਹੋਰ ਲੱਛਣ ਜਾਂ ਦੁਸ਼ਪ੍ਰਭਾਵ ਦੇਖਦੇ ਹੋ ਸਲਾਹ ਲਈ ਆਪਣੇ ਡਾਕਟਰ ਨਾਲ ਸੰਪਰਕ ਕਰੋ।